# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

www.chandigarh.gov.in

# ਪ੍ਰੈਸ ਨੋਟ

ਚੰਡੀਗੜ੍ਹ, ਮਾਰਚ 10:- ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਸ਼ਿਵਰਾਜ਼ ਵੀ. ਪਾਟਿਲ ਨੇ ਅੱਜ ਚੰਡੀਗੜ੍ਹ ਨੈੱਟਬਾਲ ਟੀਮ ਦੇ ਉਹਨਾਂ ਖਿਡਾਰੀਆਂ ਨਾਲ ਗੱਲਬਾਤ ਕੀਤੀ ਜਿਹਨਾਂ ਨੇ ਫਰਵਰੀ, 2010 ਵਿਚ ਨਾਸਿਕ ਵਿਚ ਆਯੋਜਤ ਬੁਆਏ ਜੂਨੀਅਰ ਨੈੱਟਬਾਲ ਚੈਂਪੀਅਨਸ਼ਿਪ ਵਿਚ ਸਵਰਨ ਪਦਕ, ਗਰਲਜ਼ ਫੈਡਰੇਸ਼ਨ ਕੱਪ ਵਿਚ ਰਜ਼ਤ ਪਦਕ ਅਤੇ ਬੁਆਏ ਫੈਡਰੇਸ਼ਨ ਕੱਪ ਵਿਚ ਕਾਂਸੇ ਦਾ ਪਦਕ ਜਿੱਤਿਆ।

ਖਿਡਾਰੀਆਂ ਅਤੇ ਕੋਚਾਂ ਨੂੰ ਵਧਾਈ ਦਿੰਦੇ ਹੋਏ ਸ਼੍ਰੀ ਪਾਟਿਲ ਨੇ ਕਿਹਾ ਕਿ ਸਾਡੇ ਖਿਡਾਰੀਆਂ ਨੇ ਇਸ ਖੇਡ ਵਿਚ ਮੁਹਾਰਤ ਹਾਸਿਲ ਕਰ ਲਈ ਹੈ, ਪਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਮੁਕਾਬਲਾ ਕਰਨ ਲਈ ਅਜੇ ਵੀ ਬਹੁਤ ਕੁਝ ਕਰਨ ਦੀ ਜਰੂਰਤ ਹੈ। ਉਹਨਾਂ ਨੇ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਖੇਡ ਦੇ ਭਿੰਨ ਭਿੰਨ ਖੇਤਰਾਂ ਵਿਚ ਵਿਸ਼ਵ ਪੱਧਰ ਦੀਆਂ ਸੁਵਿਧਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਵਧੀਆ ਪ੍ਰਮਾਣ ਪ੍ਰਾਪਤ ਕਰਨ ਦੇ ਲਈ ਖਿਡਾਰੀਆਂ ਨੂੰ ਇਹਨਾਂ ਸੁਵਿਧਾਵਾਂ ਦਾ ਠੀਕ ਤਰ੍ਹਾਂ ਨਾਲ ਪ੍ਰਯੋਗ ਕਰਨਾ ਚਾਹੀਦਾ ਹੈ।

ਚੰਡੀਗੜ੍ਹ ਨੈੱਟਬਾਲ ਐਸੋਸੀਏਸ਼ਨ ਦੇ ਸੀਨੀਅਰ ਵਾਈਸ ਪ੍ਰੈਜੀਡੈਂਟ ਸ਼੍ਰੀ ਜਗਦੀਪ ਚੀਮਾ ਨੇ ਪ੍ਰਸ਼ਾਸਕ ਨੂੰ ਦੱਸਿਆ ਕਿ ਚੰਡੀਗੜ੍ਹ ਨੈੱਟਬਾਲ ਟੀਮ ਦੇ ਛੇ ਖਿਡਾਰੀਆਂ ਪੁਸ਼ਪਾ, ਨਵਨੀਤ, ਅਮਨਦੀਪ ਕੌਰ, ਕੁੰਡੂ, ਅੰਕੁਰ ਸ਼ਰਮਾ ਅਤੇ ਓ.ਪੀ. ਸ਼ਰਮਾ ਨੇ ਮਲੇਸ਼ੀਆ, ਸ਼੍ਰੀਲੰਕਾ, ਸਿੰਘਾਪੁਰ ਅਤੇ ਪਾਕਿਸਤਾਨ ਤੋਂ ਆਯੋਜਤ ਭਿੰਨ ਭਿੰਨ ਚੈਂਪੀਅਨਸ਼ਿਪਾਂ ਵਿਚ ਭਾਰਤ ਦੀ ਪ੍ਰਧਾਨਗੀ ਕੀਤੀ ਹੈ।